# Visit of External Affairs Minister to Kingdom of Bahrain (November 24-25, 2020)

November 25, 2020

---

## ਵਿਦੇਸ਼ ਮੰਤਰੀ ਵੱਲੋਂ ਬਹਿਰੀਨ ਰਾਜ ਦੀ ਫੇਰੀ (24-25 ਨਵੰਬਰ, 2020)

25 ਨਵੰਬਰ, 2020

ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਦਾ ਬਹਿਰੀਨ ਰਾਜ ਦਾ ਦੋ ਦਿਨਾਂ ਸਰਕਾਰੀ ਦੌਰਾ ਅੱਜ ਖਤਮ ਹੋ ਗਿਆ। ਇਸ ਫੇਰੀ ਦੌਰਾਨ ਉਨ੍ਹਾਂ ਨੇ ਬਹਿਰੀਨ ਦੇ ਯੁਵਰਾਜ, ਉੱਪ ਸੁਪਰੀਮ ਕਮਾਂਡਰ ਅਤੇ ਪ੍ਰਧਾਨ ਮੰਤਰੀ ਮਹਾਮਹਿਮ ਪ੍ਰਿੰਸ ਸਲਮਾਨ ਬਿਨ ਹਮਦ ਅਲ ਖਲੀਫਾ ਅਤੇ ਬਹਿਰੀਨ ਦੇ ਉਪ ਪ੍ਰਧਾਨ ਮੰਤਰੀ ਮਹਾਮਹਿਮ ਸ਼ੇਖ ਅਲੀ ਬਿਨ ਖਲੀਫਾ ਅਲ ਖਲੀਫਾ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਬਹਿਰੀਨ ਰਾਜ ਦੇ ਵਿਦੇਸ਼ ਮੰਤਰੀ ਆਪਣੇ ਹਮਰੁਤਬਾ ਮਹਾਮਹਿਮ ਡਾ. ਅਬਦੁੱਲਲਤੀਫ ਬਿਨ ਰਾਸ਼ਿਦ ਅਲ ਜ਼ਿਆਨੀ ਨਾਲ ਗੱਲਬਾਤ ਕੀਤੀ।

ਆਗੂਆਂ ਨਾਲ ਆਪਣੀਆਂ ਮੁਲਾਕਾਤਾਂ ਦੌਰਾਨ ਉਨ੍ਹਾਂ ਨੇ ਨਿਜੀ ਤੌਰ 'ਤੇ ਭਾਰਤੀ ਸਰਕਾਰ ਅਤੇ ਲੋਕਾਂ ਵੱਲੋਂ ਬਹਿਰੀਨ ਦੇ ਸਾਬਕਾ ਪ੍ਰਧਾਨ ਮੰਤਰੀ ਮਹਾਮਹਿਮ ਪ੍ਰਿੰਸ ਖਲੀਫਾ ਬਿਨ ਸਲਮਾਨ ਅਲ ਖਲੀਫਾ ਦੀ ਦੁੱਖਦਾਈ ਮੌਤ ਉੱਤੇ ਦਿਲੋਂ ਸੋਗ ਪ੍ਰਗਟ ਕੀਤਾ। ਉਨ੍ਹਾਂ ਨੇ ਭਾਰਤ-ਬਹਿਰੀਨ ਸੰਬੰਧਾਂ ਨੂੰ ਮਜ਼ਬੂਤ ਕਰਨ ਅਤੇ ਬਹਿਰੀਨ ਵਿੱਚ ਰਹਿ ਰਹੇ ਭਾਰਤੀ ਭਾਈਚਾਰੇ ਦੀ ਭਲਾਈ ਵਿੱਚ ਸਵਰਗਵਾਸੀ ਪ੍ਰਧਾਨ ਮੰਤਰੀ ਦੇ ਯੋਗਦਾਨ ਦਾ ਚੇਤਾ ਕੀਤਾ।

ਵਿਦੇਸ਼ ਮੰਤਰੀ ਨੇ ਬਹਿਰੀਨ ਅੰਦਰ 300,000 ਤੋਂ ਵੱਧ ਭਾਰਤੀ ਲੋਕਾਂ ਦੀ ਮੇਜ਼ਬਾਨੀ ਕਰਨ ਅਤੇ COVID -19 ਮਹਾਂਮਾਰੀ ਦੇ ਦੌਰਾਨ ਭਾਈਚਾਰੇ ਦਾ ਬੇਮਿਸਾਲ ਢੰਗ ਨਾਲ ਧਿਆਨ ਰੱਖਣ ਲਈ ਬਹਿਰੀਨ ਦੇ ਆਗੂਆਂ ਨੂੰ ਧੰਨਵਾਦ ਦਿੱਤਾ। ਬਹਿਰੀਨ ਦੀ ਲੀਡਰਸ਼ਿਪ ਨੇ ਬਹਿਰੀਨ ਦੇ ਵਿਕਾਸ ਵਿੱਚ ਭਾਰਤੀ ਭਾਈਚਾਰੇ ਵੱਲੋਂ ਦਿੱਤੇ ਗਏ ਯੋਗਦਾਨ ਅਤੇ ਭਾਰਤ ਵੱਲੋਂ COVID ਮਹਾਂਮਾਰੀ ਦੌਰਾਨ ਦਵਾਈਆਂ, ਡਾਕਟਰੀ ਉਪਕਰਣਾਂ ਅਤੇ ਡਾਕਟਰੀ ਪੇਸ਼ੇਵਰਾਂ ਰਾਹੀਂ ਦਿੱਤੀ ਗਈ ਮਦਦ ਦੀ ਸ਼ਲਾਘਾ ਕੀਤੀ। ਦੋਵਾਂ ਧਿਰਾਂ ਨੇ COVID ਨਾਲ ਸਬੰਧਤ ਆਪਣੇ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਦੀ ਗੱਲ ਦੀ ਤਸਦੀਕ ਕੀਤੀ। ਉਨ੍ਹਾਂ ਨੇ ਦੋਵਾਂ ਦੇਸ਼ਾਂ ਵਿਚਾਲੇ ਏਅਰ ਬੱਬਲ ਵਿਵਸਥਾ ਦੇ ਸ਼ੁਰੂ ਹੋਣ 'ਤੇ ਵੀ ਤਸੱਲੀ ਜ਼ਾਹਰ ਕੀਤੀ।

ਡਾ. ਐਸ. ਜੈਸ਼ੰਕਰ ਨੇ ਬਹਿਰੀਨ ਦੇ ਵਿਦੇਸ਼ ਮੰਤਰੀ ਨਾਲ ਵਫ਼ਦ ਪੱਧਰ ਦੀ ਗੱਲਬਾਤ ਕੀਤੀ। ਦੋਨਾਂ ਮੰਤਰੀਆਂ ਨੇ COVID ਤੋਂ ਬਾਅਦ ਆਉਣ ਵਾਲੀਆਂ ਚੁਣੌਤੀਆਂ ਨਾਲ ਨਜਿੱਠਣ ਸਮੇਤ ਆਪਸੀ ਹਿਤ ਦੇ ਸਮੁੱਚੇ ਦੁਵੱਲੇ, ਖੇਤਰੀ ਅਤੇ ਕੌਮਾਂਤਰੀ ਮੁੱਦਿਆਂ ਬਾਰੇ ਵਿਚਾਰ ਵਟਾਂਦਰੇ ਕੀਤੇ। ਉਨ੍ਹਾਂ ਨੇ ਰੱਖਿਆ ਅਤੇ ਸਮੁੰਦਰੀ ਸੁਰੱਖਿਆ, ਪੁਲਾੜ ਟੈਕਨੋਲੋਜੀ, ਵਪਾਰ ਅਤੇ ਨਿਵੇਸ਼, ਬੁਨਿਆਦੀ ਢਾਂਚਾ, ਆਈਟੀ, ਫਿਨਟੈਕ, ਸਿਹਤ, ਹਾਈਡਰੋਕਾਰਬਨ ਅਤੇ ਨਵਿਆਉਣਯੋਗ ਊਰਜਾ ਸਮੇਤ ਕਈ ਖੇਤਰਾਂ ਵਿੱਚ ਇਤਿਹਾਸਕ ਭਾਰਤ-ਬਹਿਰੀਨ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਉੱਤੇ ਸਹਿਮਤੀ ਦਾ ਇਜ਼ਹਾਰ ਕੀਤਾ। ਵਿਦੇਸ਼ ਮੰਤਰੀ ਨੇ ਅਗਲੇ ਕੁਝ ਮਹੀਨਿਆਂ ਅੰਦਰ ਹੋਣ ਵਾਲੀ ਭਾਰਤ-ਬਹਿਰੀਨ ਹਾਈ ਜੁਆਇੰਟ ਕਮੀਸ਼ਨ ਦੀ ਤੀਜੀ ਮੀਟਿੰਗ ਲਈ ਬਹਿਰੀਨ ਦੇ ਵਿੱਤ ਮੰਤਰੀ ਨੂੰ ਮੁੜ ਭਾਰਤ ਆਉਣ ਦਾ ਸੱਦਾ ਦਿੱਤਾ।

ਇਸ ਮੁਲਾਕਾਤ ਦੌਰਾਨ ਵਿਦੇਸ਼ ਮੰਤਰੀ ਨੇ ਬਹਿਰੀਨ ਵਿੱਚ ਰਹਿ ਰਹੇ ਭਾਰਤੀ ਭਾਈਚਾਰੇ ਦੇ ਆਗੂਆਂ ਨਾਲ ਵਰਚੁਅਲ ਮਾਧਿਅਮ ਰਾਹੀਂ ਗੱਲਬਾਤ ਕੀਤੀ। ਉਹ ਮਨਾਮਾ ਵਿੱਚ 200 ਸਾਲ ਪੁਰਾਣੇ ਸ਼੍ਰੀਨਾਥ ਜੀ (ਸ਼੍ਰੀ ਕ੍ਰਿਸ਼ਨ) ਮੰਦਰ ਵੀ ਗਏ। ਇਹ ਮੰਦਰ ਅਤੇ ਇਸ ਦੇ ਆਲੇ-ਦੁਆਲੇ ਵੱਸਿਆ ਨਿੱਕਾ ਭਾਰਤ ਭਾਰਤ-ਬਹਿਰੀਨ ਦੀ ਸਦੀਵੀ ਦੋਸਤੀ ਦਾ ਗਵਾਹ ਹੈ। ਉਨ੍ਹਾਂ ਨੇ ਬਹਿਰੀਨ ਦੇ ਰਾਸ਼ਟਰੀ ਅਜਾਇਬ ਘਰ ਦਾ ਵੀ ਦੌਰਾ ਕੀਤਾ।

ਮਨਾਮਾ
25 ਨਵੰਬਰ, 2020

DISCLAIMER: This is an approximate translation. The original is available in English on MEA's website and may be referred to as the official press release.